# ਮਿਡਲੈਂਡ ਵਿੰਡੋ ਗਰੁੱਪ ਵੱਲੋਂ ਆਪਣੀ ਨਵੀਂ ਐਲੂਮੀਨੀਅਮ ਫੈਕਟਰੀ ਦਾ ਉਦਘਾਟਨ

## ਉੱਘੇ ਵਪਾਰਕ ਅਦਾਰਿਆਂ ਅਤੇ ਦੇਸੀ ਬਿਜਨੈਸਮੈਨਾਂ ਵੱਲੋਂ ਸੰਘੇੜਾ ਪਰਿਵਾਰ ਨੂੰ ਵਧਾਈਆਂ



ਨਵੀਂ ਫੈਕਟਰੀ ਦੇ ਉਦਘਾਟਨ ਮੌਕੇ ਸ: ਢੇਸੀ, ਭਾਈ ਕੇਹਰ ਸਿੰਘ, ਸ: ਅਵਤਾਰ ਸਿੰਘ ਸੰਘੇੜਾ, ਸ: ਮਹਿੰਦਰ ਸਿੰਘ ਅਟਵਾਲ, ਭਾਈ ਜੋਗਾ ਸਿੰਘ, ਸ: ਕੁਲਵੰਤ ਸਿੰਘ ਢੇਸੀ, ਜਥੇਦਾਰ ਰਘਵੀਰ ਸਿੰਘ, ਸ: ਰਾਜਿੰਦਰ ਸਿੰਘ ਪੁਰੇਵਾਲ, ਭਾਈ ਹਰਿਬਖਸ਼ ਸਿੰਘ, ਭਾਈ ਬਲਜਿੰਦਰ ਸਿੰਘ ਤੇ ਹੋਰ ਪਤਵੰਤੇ

ਕਵੈਂਟਰੀ – ਇਥੇ ਬੀਤੀ 7 ਜੁਲਾਈ ਨੂੰ ਮਿਡਲੈਂਡ ਦੀ ਬੂਹੇ ਬਾਰੀਆਂ ਬਨਾਉਣ ਵਾਲੀ ਮਸ਼ਹੂਰ ਕੰਪਨੀ ਮਿਡਲੈਂਡ ਵਿੰਡੋ ਗਰੁੱਪ ਵੱਲੋਂ ਆਪਣੀ ਨਵੀਂ ਐਲੂਮੀਨੀਅਮ ਫੈਕਟਰੀ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੀ ਸਹਿਯੋਗੀ ਇੰਟਰਨੈਸ਼ਨਲ ਪੱਧਰ ਦੀ ਕੰਪਨੀ ਬਲਾਈਵਰਟ ਬੀਊਫੋਰਟ ਐਲੂਮੀਨੀਅਮ ਦੇ ਸੀ ਈ ਓ ਮਿ: ਬਰਨਾਰਡ ਵਰਬਰੂਗ ਨੇ ਰਿਬਨ ਕੱਟ ਕੇ ਫੈਕਟਰੀ ਦਾ ਉਦਘਾਟਨ ਕੀਤਾ।

ਪ੍ਰਾਪਤ ਵੇਰਵੇ ਮੁਤਾਬਕ ਇਸ ਟਰੇਡ ਵਿਚ ਹੋਰ ਵੀ ਉੱਘੀਆਂ ਨਿਰਮਾਤਾ ਕੰਪਨੀਆਂ ਦੇ ਮਾਲਕ ਤੇ ਡਾਇਰੈਕਟਰ ਪੁੱਜੇ ਹੋਏ ਸਨ। ਇਸ ਦੇ ਇਲਾਵਾ ਉੱਘੀਆਂ ਸਿੱਖ ਸ਼ਖਸੀਅਤਾਂ ਅਤੇ ਏਸ਼ੀਅਨ ਵਪਾਰਕ ਅਦਾਰਿਆਂ ਦੇ ਮਾਲਕ ਵੀ ਪਹੁੰਚੇ ਅਤੇ ਸੰਘੇੜਾ ਪਰਿਵਾਰ ਨੂੰ ਉਹਨਾਂ ਇਸ ਸ਼ੁਭ ਮੌਕੇ ਵਧਾਈਆਂ ਦਿੱਤੀਆਂ।

ਮਿਡਲੈਂਡ ਵਿੰਡੋ ਗਰੁੱਪ ਦੇ ਡਾਇਰੈਕਟਰ ਸ: ਮਨਜਿੰਦਰ ਸਿੰਘ ਸੰਘੇੜਾ ਨੇ ਪੰਜਾਬ ਟਾਈਮਜ਼ ਨੂੰ ਦੱਸਿਆ ਕਿ ਉਹਨਾਂ ਨੇ ਪੀ ਵੀ ਸੀ ਵਿੰਡੋਜ਼ ਤੋਂ ਕੁਝ ਸਾਲ ਬਾਅਦ ਇਸ ਕਾਰੋਬਾਰ ਵਿਚ ਕੁਝ ਸਾਲ ਪਹਿਲਾਂ ਹੀ ਪੈਰ ਪਾਇਆ ਸੀ ਤੇ ਸਖ਼ਤ ਮਿਹਨਤ, ਲਗਨ ਅਤੇ ਸਾਡੇ ਵਰਕਰਾਂ ਦੇ ਸਹਿਯੋਗ ਨਾਲ ਇਹ ਕਾਰੋਬਾਰ ਅੱਜ ਇਸ ਪੱਧਰ ਤੇ ਪਹੁੰਚ ਗਿਆ ਹੈ, ਜਿਸ ਦੀ ਸਾਨੂੰ ਅਤੇ ਸਾਡੇ ਸਾਰੇ ਸਟਾਫ ਨੂੰ ਅਤਿਅੰਤ ਖੁਸ਼ੀ ਮਹਿਸੂਸ ਹੁੰਦੀ ਹੈ। ਉਹਨਾਂ ਇਹ ਨਵੀਂ ਫੈਕਟਰੀ 15000 ਸੁਕੇਅਰ ਫੁੱਟ ਵਿਚ ਖੋਹਲੀ ਹੈ। ਇਸ ਮੌਕੇ ਕਵੈਂਟਰੀ ਦੇ ਲੌਰਡ ਮੇਅਰ, ਦੇ ਇਲਾਵਾ, ਅਖੰਡ ਕੀਰਤਨੀ ਜਥਾ ਯੂ ਕੇ ਦੇ ਜਥੇਦਾਰ ਭਾਈ ਰਘਵੀਰ ਸਿੰਘ ਜੀ, ਭਾਈ ਜੋਗਾ ਸਿੰਘ, ਭਾਈ ਮਹਿੰਦਰ ਸਿੰਘ ਅਟਵਾਲ, ਸ: ਕੁਲਵੰਤ ਸਿੰਘ ਢੇਸੀ, ਸ: ਰਾਜਿੰਦਰ ਸਿੰਘ ਪੁਰੇਵਾਲ, ਭਾਈ ਹਰਿਬਖਸ਼ ਸਿੰਘ, ਭਾਈ ਬਲਜਿੰਦਰ ਸਿੰਘ, ਭਾਈ ਕੇਹਰ ਸਿੰਘ ਤੇ ਸੰਘੇੜਾ ਪਰਿਵਾਰ ਦੇ ਹੋਰ ਦੋਸਤ ਮਿੱਤਰ ਤੇ ਰਿਸ਼ਤੇਦਾਰਾਂ ਨੇ ਸ਼ਿਰਕਤ ਕੀਤੀ ਅਤੇ ਉਹਨਾਂ ਨੂੰ ਨਵੀਂ ਫੈਕਟਰੀ ਖੋਹਲਣ ਦੀਆਂ ਵਧਾਈਆਂ ਦਿੱਤੀਆਂ।

ਯਾਦ ਰਹੇ ਸ: ਅਵਤਾਰ ਸਿੰਘ ਸੰਘੇੜਾ ਕਾਰ ਸੇਵਾ ਕਮੇਟੀ ਸਿੱਖ ਗੁਰਧਾਮ ਪਾਕਿਸਤਾਨ ਦੇ ਪ੍ਰਧਾਨ ਹਨ, ਤੇ ਲੰਮੇ ਸਮੇਂ ਤੋਂ ਪੰਥਕ ਸੇਵਾਵਾਂ ਵਿਚ ਵਡਮੁੱਲਾ ਯੋਗਦਾਨ ਪਾ ਰਹੇ ਹਨ, ਉਹ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਕਵੈਂਟਰੀ ਦੀ ਕਾਫ਼ੀ ਸਮਾਂ ਪ੍ਰਧਾਨ ਰਹੇ ਹਨ, ਤੇ ਹੁਣ ਵੀ ਉਹਨਾਂ ਦਾ ਮੌਜੂਦਾ ਸੇਵਾਦਾਰਾਂ ਨੂੰ ਕਾਫ਼ੀ ਸਹਿਯੋਗ ਪ੍ਰਾਪਤ ਹੈ। ਸਿੰਘ ਸਭਾ ਕਵੈਂਟਰੀ ਦੀ ਨਵੀਂ ਇਮਾਰਤ ਦੀ ਸ਼ੁਰੂਆਤ ਕਰਨ ਵਿਚ ਵੀ ਇਹਨਾਂ ਦਾ ਬੜਾ ਯੋਗਦਾਨ ਰਿਹਾ ਹੈ। ਪਿਛੇ ਜਹੇ ਇਹਨਾਂ ਦੀ ਕੰਪਨੀ ਮਿਡਲੈਂਡ ਵਿੰਡੋ ਗਰੁੱਪ ਵੱਲੋਂ ਪਾਕਿਸਤਾਨ ਵਿਚ ਗੁਰੂ ਘਰਾਂ ਦੀ ਸੇਵਾ ਦੌਰਾਨ ਉਥੇ ਬਣਾਏ ਗਏ ਲੰਗਰ ਹਾਲ ਦੇ ਬੂਹੇ ਬਾਰੀਆਂ ਲਗਾਈਆਂ ਗਈਆਂ ਸਨ। ਅਦਾਰਾ ਪੰਜਾਬ ਟਾਈਮਜ਼ ਵੱਲੋਂ ਸ: ਅਵਤਾਰ ਸਿੰਘ ਸੰਘੇੜਾ, ਸ: ਮਨਜਿੰਦਰ ਸਿੰਘ ਸੰਘੇੜਾ ਤੇ ਸਮੁੱਚੇ ਸੰਘੇੜਾ ਪਰਿਵਾਰ ਨੂੰ ਇਸ ਸ਼ੁਭ ਮੌਕੇ ਹਾਰਦਿਕ ਵਧਾਈ ਦਿੱਤੀ ਜਾਂਦੀ ਹੈ।

**ਨੋਟ: ਤਸਵੀਰਾਂ ਸਾਹਮਣੇ ਸਫ਼ੇ 'ਤੇ ਦੇਖੋ**

# ਡਾ: ਅੰਬੇਦਕਰ ਬੁੱਧਿਸਟ ਆਰਗੇਨਾਈਜੇਸ਼ਨ ਬ੍ਰਮਿੰਘਮ ਯੂ ਕੇ ਦੀ ਕਮੇਟੀ ਦੀ ਚੋਣ

ਬ੍ਰਮਿੰਘਮ – ਇਥੇ ਡਾਕਟਰ ਅੰਬੇਦਕਰ ਬੁੱਧਿਸਟ ਆਰਗੇਨਾਈਜੇਸ਼ਨ ਬ੍ਰਮਿੰਘਮ ਯੂ ਕੇ ਦੀ ਸਾਲਾਨਾ ਜਨਰਲ ਮੀਟਿੰਗ ਵੈਸ਼ਾਲੀ ਸੈਂਟਰ ਫੈਕਟਰੀ ਰੋਡ ਹੋਕਲੀ, ਬ੍ਰਮਿੰਘਮ ਵਿਖੇ 18 ਜੁਲਾਈ 2010 ਨੂੰ ਹੋਈ।

ਆਰਗੇਨਾਈਜੇਸ਼ਨ ਦੇ ਜਨਰਲ ਸਕੱਤਰ ਮਿ: ਦਵਿੰਦਰ ਚੰਦਰ ਵੱਲੋਂ ਭੇਜੀ ਗਈ ਸੂਚਨਾ ਮੁਤਾਬਕ ਇਸ ਕਮੇਟੀ ਦੇ ਨਵੇਂ ਅਹੁਦੇਦਾਰਾਂ ਤੇ ਮੈਂਬਰਾਂ ਦੇ ਨਾਂ ਇਸ ਪ੍ਰਕਾਰ ਹਨ: ਪ੍ਰਧਾਨ ਮਿ: ਗੁਰਦਵਿੰਦਰ ਕੁਮਾਰ, ਵਾਈਸ ਪ੍ਰਧਾਨਮਿ: ਦੌਲਤਾ ਬਾਲੀ, ਜਨਰਲ ਸਕੱਤਰ ਦਵਿੰਦਰ ਕੁਮਾਰ ਚੰਦਰ, ਅਸਿਸਟੈਂਟ ਸੈਕਟਰੀ ਮਿ: ਹੇਮ ਰਾਜ, ਖਜ਼ਾਨਚੀ ਰਵਿੰਦਰ ਬੰਗੜ, ਅਸਿ: ਖਜ਼ਾਨਚੀ ਰਾਮ ਲਾਲ ਡੁੰਮਟ, ਲਾਇਬ੍ਰੇਰੀਅਨ ਗੁਰਮੁਖ ਅਨੰਦ, ਅਸਿ: ਲਾਇਬ੍ਰੇਰੀਅਨ ਅਜੇ ਕੁਮਾਰ, ਮੈਂਬਰ: ਰਮੇਸ਼ ਚੰਦਰ, ਧਰਮ ਪਾਲ ਮਹਿਮੀ, ਮੇਘ ਰਾਜ ਅਤੇ ਰਾਮ ਲਾਲ ਸੱਭਰਵਾਲ ਹਨ।


ੴ ਵਾਹਿਗੁਰੂ ਜੀ ਕੀ ਫ਼ਤਹਿ ॥

# ਸ੍ਰੀ ਸਿੰਘ ਸਭਾ ਸਾਊਥਾਲ ਦੀਆਂ ਆ ਰਹੀਆਂ ਚੋਣਾਂ ਲਈ 3 ਅਗਸਤ 2010 ਤੱਕ ਨਵੀਂ ਮੈਂਬਰਸ਼ਿਪ ਭਰਤੀ ਬਾਰੇ ਸੂਚਨਾ

**ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥**

ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀਆਂ ਆ ਰਹੀਆਂ ਚੋਣਾਂ ਲਈ ਮੈਂਬਰਸ਼ਿਪ ਬਣਨ ਦਾ ਕਾਰਜ 30 ਜੂਨ ਤੋਂ ਸ਼ੁਰੂ ਹੈ ਜੋ 3 ਅਗਸਤ ਤੱਕ 5 ਹਫਤੇ ਲਈ ਚੱਲੇਗਾ। *ਮੈਂਬਰਸ਼ਿਪ ਭਰਤੀ ਦਾ ਸਮਾਂ ਹੇਠ ਲਿਖੇ ਪ੍ਰਕਾਰ ਹੈ:* **ਸੋਮਵਾਰ ਤੋਂ ਸ਼ੁਕਰਵਾਰ ਤੱਕ ਸਵੇਰੇ 10 ਵਜੇ ਤੋਂ 1 ਵਜੇ ਤੱਕ ਅਤੇ ਸ਼ਾਮੀ 3 ਵਜੇ ਤੋਂ 7 ਵਜੇ ਤੱਕ ਹੋਵੇਗਾ। ਜਦ ਕਿ ਸ਼ਨਿਚਰਵਾਰ ਅਤੇ ਐਤਵਾਰ ਨੂੰ ਦੁਪਹਿਰ 1 ਵਜੇ ਤੋਂ 8 ਵਜੇ ਤੱਕ ਹੋਵੇਗਾ।**

ਨੋਟ : ਮੈਂਬਰਸ਼ਿਪ ਲਈ ਰਿਹਾਇਸ਼ ਦੀ ਪੁਸ਼ਟੀ ਕਰਦਾ ਇੱਕ ਬਿੱਲ (ਪਾਣੀ, ਗੈਸ ਜਾਂ ਬਿਜਲੀ), ਪਾਸਪੋਰਟ ਅਤੇ ਇੱਕ ਹੋਰ ਐਡਰੈੱਸ ਦਾ ਸਬੂਤ ਕਰਦਾ ਪੱਤਰ ਚਾਹੀਦਾ ਹੈ। ਲਾਈਫ ਮੈਂਬਰਸ਼ਿਪ ਕਾਰਡ ਵੀ ਦੁਬਾਰਾ ਬਣਾਏ ਜਾਣਗੇ ਅਤੇ ਇਸ ਲਈ ਵੀ ਰਿਹਾਇਸ਼ ਦੀ ਪੁਸ਼ਟੀ ਕਰਦਾ ਇੱਕ ਬਿੱਲ (ਪਾਣੀ, ਗੈਸ ਜਾਂ ਬਿਜਲੀ), ਪਾਸਪੋਰਟ ਅਤੇ ਇੱਕ ਹੋਰ ਐਡਰੈੱਸ ਦਾ ਸਬੂਤ ਕਰਦਾ ਪੱਤਰ ਚਾਹੀਦਾ ਹੈ। ਪੁਰਾਣੇ ਲਾਈਫ ਮੈਂਬਰਾਂ ਨੂੰ ਵੀ ਦੁਬਾਰਾ ਫਾਰਮ ਭਰਨੇ ਪੈਣਗੇ ਅਤੇ ਉਨ੍ਹਾਂ ਨੂੰ ਨਵੇਂ ਕਾਰਡ ਮੁਫ਼ਤ ਜਾਰੀ ਕੀਤੇ ਜਾਣਗੇ।

**ਮੈਂਬਰਸ਼ਿਪ ਫੀਸ £5 ਪੌਂਡ ਹੈ ਅਤੇ 65 ਸਾਲ ਤੋਂ ਉੱਪਰ ਕਾਰਡ ਮੁਫ਼ਤ ਜਾਰੀ ਕੀਤੇ ਜਾਣਗੇ**



ਮੈਂਬਰਸ਼ਿਪ ਦਾ ਇਹ ਕਾਰਜ ਸ੍ਰੀ ਗੁਰੂ ਸਿੰਘ ਸਭਾ ਹੈਵਲਾਕ ਰੋਡ ਵਿਖੇ ਦਿੱਤੇ ਹੋਏ ਸਮੇਂ ਮੁਤਾਬਕ ਚੱਲ ਰਿਹਾ ਹੈ।

**ਨੋਟ:– ਪਹਿਲੇ ਲਾਈਫ ਮੈਂਬਰਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਮੈਂਬਰਸ਼ਿੱਪ ਕਾਰਡ ਅਪ–ਟੂ–ਡੇਟ ਕਰਵਾ ਲੈਣ। ਪੁਰਾਣੇ ਮੈਂਬਰਸ਼ਿੱਪ ਕਾਰਡਾਂ 'ਤੇ ਵੋਟ ਨਹੀਂ ਪੈ ਸਕੇਗੀ, ਇਸ ਤਕਲੀਫ਼ ਤੋਂ ਬਚਣ ਲਈ ਆਪਣੇ ਕਾਰਡ ਨਵੇਂ ਕਰਾਉਣੇ ਜ਼ਰੂਰੀ ਹਨ।**

**ਜ਼ਰੂਰੀ ਸੂਚਨਾ : ਸਾਰੇ ਮੈਂਬਰ ਆਪਣੇ ਪੁਰਾਣੇ ਮੈਂਬਰਸ਼ਿੱਪ ਕਾਰਡ ਅਤੇ ਸ਼ਨਾਖਤੀ ਕਾਰਡ ਜ਼ਰੂਰ ਨਾਲ ਲੈ ਕੇ ਆਉਣ।**

**ਬੇਨਤੀ ਕਰਤਾ : ਮੈਂਬਰਸ਼ਿੱਪ ਅਤੇ ਚੋਣ ਕਮੇਟੀ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਾਊਥਾਲ**

# GURDWARA SRI GURU SINGH SABHA SOUTHALL

*2-8 Park Avenue, Southall, Middlesex, UB1 3AG*
*Tel: 020 8574 8901, Fax: 020 8574 8902*

*Havelock Road Southall, Middlesex, UB2 4NP.*
*Tel: 020 8574 8901, 8574 8476 Fax: 020 85748902*